# FACULTY OF ARTS & HUMANITIES

## SYLLABUS FOR THE BATCH FROM THE YEAR 2022 TO YEAR 2025

**Programme Code:_____**

**Programme Name: B A- Religious Studies**

**(Semester I- VI)**

**Examinations: 2022-2025**

# Department of Religious Studies

# Khalsa College, Amritsar

## An Autonomous College

---

**Note: (a) Copy rights are reserved. Nobody is allowed to print it in any form.**

**(b) Subject to change in the syllabi at any time.**

**(c) Please visit the College website time to time.**

| S.No. | PROGRAMME OBJECTIVES |
|---|---|
| **1.** | ਵਿਦਿਆਰਥੀਆਂ ਅੰਦਰ ਧਰਮ ਸਬੰਧੀ ਬਹੁਪੱਖੀ ਅਤੇ ਸਹੀ ਸਮਝ ਪੈਦਾ ਕਰਨਾ। |
| **2.** | ਵਿਦਿਆਰਥੀਆਂ ਨੂੰ ਧਰਮ ਦੀ ਆਰੰਭਤਾ ਤੋਂ ਧਰਮ ਦੇ ਮੁੱਢਲੇ ਸਰੂਪ, ਵਿਕਾਸ ਅਤੇ ਅਜੋਕੇ ਸਰੂਪ ਬਾਰੇ ਗਿਆਤ ਕਰਵਾਉਣਾ। |
| **3.** | ਸੰਸਾਰ ਦੇ ਪ੍ਰਮੁੱਖ ਧਰਮਾਂ, ਉਨ੍ਹਾਂ ਦੇ ਮੋਢੀਆਂ, ਸਿੱਖਿਆਵਾਂ ਅਤੇ ਪਵਿੱਤਰ ਗ੍ਰੰਥਾਂ ਤੋਂ ਜਾਣੂ ਕਰਾਉਣਾ। |
| **4.** | ਸਮਾਜ ਵਿਚ ਸਮੇਂ-ਸਮੇਂ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਸਮਾਜ ਸੁਧਾਰ ਲਈ ਚੱਲੀਆਂ ਧਾਰਮਿਕ ਲਹਿਰਾਂ ਬਾਰੇ ਜਾਣੂ ਕਰਾਉਣਾ। |
| **5.** | ਵਿਦਿਆਰਥੀਆਂ ਨੂੰ ਆਪਸੀ ਪਿਆਰ ਤੇ ਭਾਈਚਾਰਕ ਸਾਂਝ ਵਾਲਾ ਮਾਹੌਲ ਬਣਾਉਣ, ਮਾਨਵੀ ਕਦਰਾਂ-ਕੀਮਤਾਂ ਦੀ ਸਥਾਪਤੀ, ਵਿਸ਼ਵ-ਸ਼ਾਂਤੀ ਸਥਾਪਤ ਕਰਨ ਅਤੇ ਸਮਾਜਿਕ ਤਰੱਕੀ ਦਾ ਮਾਹੌਲ ਸਿਰਜਣ ਵਿਚ ਯੋਗ ਬਣਾਉਣਾ। |
| **6.** | ਅਜੋਕੇ ਸਮੇਂ ਵਿਚ ਚੰਗੇ ਸਮਾਜ ਦੀ ਸਿਰਜਣਾ ਵਿਚ ਧਰਮ ਦੀ ਭੂਮਿਕਾ ਦੀ ਸਮਝ ਪੈਦਾ ਕਰਨਾ। |

| S.No. | PROGRAMME SPECIFIC OUTCOMES (PSOS) |
|---|---|
| PSO-1 | ਵਿਦਿਆਰਥੀ ਧਰਮ ਦੀ ਆਰੰਭਤਾ ਅਤੇ ਧਰਮ ਦੇ ਇਤਿਹਾਸਕ ਵਿਕਾਸ ਨੂੰ ਸਮਝਣ ਦੇ ਸਮਰੱਥ ਹੁੰਦਾ ਹੈ। |
| PSO-2 | ਉਹ ਧਰਮ ਦੇ ਵੱਖ-ਵੱਖ ਪਹਿਲੂਆਂ, ਦਰਸ਼ਨ ਸ਼ਾਸ਼ਤਰ ਅਤੇ ਨੈਤਿਕਤਾ ਆਦਿ ਦੂਜੇ ਵਿਸ਼ਿਆਂ ਨਾਲ ਧਰਮ ਦੀ ਸਾਂਝ ਅਤੇ ਇਨ੍ਹਾਂ ਦੀ ਸਮਾਜਿਕ ਮਹੱਤਤਾ ਸਮਝਣ ਦੇ ਕਾਬਲ ਬਣਦਾ ਹੈ। |
| PSO-3 | ਵਿਦਿਆਰਥੀ ਵਰਤਮਾਨ ਸਮੇਂ ਮਾਨਵੀ ਕਦਰਾਂ-ਕੀਮਤਾਂ ਅਤੇ ਵਿਸ਼ਵ ਪੱਧਰ ’ਤੇ ਆਪਸੀ ਭਾਈਚਾਰਕ ਸਾਂਝ ਤੇ ਸ਼ਾਂਤੀ ਸਥਾਪਤੀ ਲਈ ਧਰਮ ਦੇ ਮਹੱਤਵ ਅਤੇ ਭੂਮਿਕਾ ਨੂੰ ਸਮਝਣ ਦੇ ਕਾਬਲ ਬਣਦਾ ਹੈ। |
| PSO-4 | ਵਿਦਿਆਰਥੀ ਵਿਚ ਅੰਤਰ-ਮਤ ਸੂਝ ਪੈਦਾ ਹੁੰਦੀ ਹੈ ਤੇ ਦੂਜਿਆਂ ਦੀਆਂ ਧਾਰਮਿਕ ਭਾਵਨਾਵਾਂ ਦੀ ਕਦਰ ਕਰਦਾ ਹੈ। |
| PSO-5 | ਅਜੋਕੇ ਸਮੇਂ ਵਿਚ ਚੰਗੇ ਸਮਾਜ ਦੀ ਸਿਰਜਣਾ ਵਿਚ ਧਰਮ ਦੀ ਭੂਮਿਕਾ ਦੀ ਸਮਝਣ ਦੀ ਕਾਬਲੀਅਤ ਪੈਦਾ ਹੁੰਦੀ ਹੈ। |

| COURSE SCHEME | | | | | | | |
|---|---|---|---|---|---|---|---|
| SEMESTER - I | | | | | | | |
| Course Code | Course Name | Hours/Week | Max. Marks | | | | Page No. |
| | | | Th | Pr | IA | Total | |
| BARS - 114 | ਧਰਮ, ਆਦਿ ਧਰਮ ਅਤੇ ਧਰਮ ਸਬੰਧੀ ਆਧੁਨਿਕ ਮੁੱਦੇ | 4 | 75 | 25 | -- | 100 | 8-9 |

| SEMESTER - II | | | | | | | |
|---|---|---|---|---|---|---|---|
| Course Code | Course Name | Hours/Week | Max. Marks | | | | Page No. |
| | | | Th | Pr | IA | Total | |
| BARS - 214 | ਪ੍ਰਮੁੱਖ ਭਾਰਤੀ ਧਰਮ | 4 | 75 | 25 | -- | 100 | 10-11 |

| COURSE SCHEME | | | | | | | |
|---|---|---|---|---|---|---|---|
| SEMESTER - III | | | | | | | |
| Course Code | Course Name | Hours/Week | Max. Marks | | | | Page No. |
| | | | Th | Pr | IA | Total | |
| BARS - 314 | ਸਾਮੀ ਧਰਮ | 4 | 75 | 25 | -- | 100 | 12-14 |

| COURSE SCHEME | | | | |
|---|---|---|---|---|
| SEMESTER - IV | | | | |
| Course Code | Course Name | Hours/Week | Max. Marks | Page No. |

| | | | Th | Pr | IA | Total | |
|---|---|---|---|---|---|---|---|
| BARS - 414 | ਮੱਧਕਾਲੀਨ ਅਤੇ ਆਧੁਨਿਕ ਧਾਰਮਿਕ ਲਹਿਰਾਂ | 4 | 75 | 25 | -- | 100 | 15-16 |

| COURSE SCHEME | | | | | | | |
|---|---|---|---|---|---|---|---|
| SEMESTER - V | | | | | | | |
| Course Code | Course Name | Hours/Week | Max. Marks | | | | Page No. |
| | | | Th | Pr | IA | Total | |
| BARS - 514 | ਸਿੱਖ ਦਰਸ਼ਨ | 4 | 75 | 25 | -- | 100 | 17-18 |

| COURSE SCHEME | | | | | | | |
|---|---|---|---|---|---|---|---|
| SEMESTER - VI | | | | | | | |
| Course Code | Course Name | Hours/Week | Max. Marks | | | | Page No. |
| | | | Th | Pr | IA | Total | |
| BARS - 614 | ਸਿੱਖ ਧਰਮ ਅਤੇ ਸੰਸਥਾਵਾਂ | 4 | 75 | 25 | -- | 100 | 19-20 |

## Under-Graduate Programme: RELIGIOUS STUDIES

**Programme Objectives**
**ਪ੍ਰੋਗਰਾਮ ਦੇ ਉਦੇਸ਼:**

ਇਸ ਪ੍ਰੋਗਰਾਮ ਦਾ ਮੁਖ ਉਦੇਸ਼ ਵਿਦਿਆਰਥੀਆਂ ਅੰਦਰ ਧਰਮ ਸਬੰਧੀ ਬਹੁਪੱਖੀ ਅਤੇ ਸਹੀ ਸਮਝ ਪੈਦਾ ਕਰਨਾ ਹੈ। ਇਸ ਲਈ ਵਿਦਿਆਰਥੀਆਂ ਨੂੰ ਧਰਮ ਦੀ ਆਰੰਭਤਾ ਤੋਂ ਧਰਮ ਦੇ ਮੁੱਢਲੇ ਸਰੂਪ, ਵਿਕਾਸ ਅਤੇ ਅਜੋਕੇ ਸਰੂਪ ਬਾਰੇ ਗਿਆਤ ਕਰਨ ਦਾ ਮਨੋਰਥ ਪ੍ਰੋਗਰਾਮ ਹੈ। ਇਸ ਦੇ ਨਾਲ ਸੰਸਾਰ ਦੇ ਪ੍ਰਮੁੱਖ ਧਰਮਾਂ, ਉਨ੍ਹਾਂ ਦੇ ਮੋਢੀਆਂ, ਸਿੱਖਿਆਵਾਂ ਅਤੇ ਪਵਿੱਤਰ ਗ੍ਰੰਥਾਂ ਤੋਂ ਜਾਣੂ ਕਰਾਉਣ ਦਾ ਉਦੇਸ਼ ਹੈ। ਇਸ ਤੋਂ ਇਲਾਵਾ ਸਮਾਜ ਵਿਚ ਸਮੇਂ-ਸਮੇਂ ਆਈਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਸਮਾਜ ਸੁਧਾਰ ਲਈ ਚੱਲੀਆਂ ਧਾਰਮਿਕ ਲਹਿਰਾਂ ਬਾਰੇ ਜਾਣੂ ਕਰਾਉਂਦਿਆਂ ਅਜੋਕੇ ਸਮੇਂ ਵਿਚ ਚੰਗੇ ਸਮਾਜ ਦੀ ਸਿਰਜਣਾ ਵਿਚ ਧਰਮ ਦੀ ਭੂਮਿਕਾ ਦੀ ਸਮਝ ਪੈਦਾ ਕਰਨਾ ਵੀ ਇਸ ਪ੍ਰੋਗਰਾਮ ਦਾ ਉਦੇਸ਼ ਹੈ। ਇਸ ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਨੂੰ ਅਜੋਕੇ ਸਮੇਂ ਵਿਸ਼ਵ-ਸ਼ਾਂਤੀ ਸਥਾਪਤ ਕਰਨ, ਆਪਸੀ ਪਿਆਰ ਤੇ ਭਾਈਚਾਰਕ ਸਾਂਝ ਵਾਲਾ ਮਾਹੌਲ ਬਣਾਉਣ, ਮਾਨਵਵਾਦੀ ਕਦਰਾਂ-ਕੀਮਤਾਂ ਦੀ ਸਥਾਪਤੀ ਅਤੇ ਸਮਾਜਿਕ ਤਰੱਕੀ ਦਾ ਮਾਹੌਲ ਸਿਰਜਣ ਵਿਚ ਯੋਗ ਬਣਾਉਣਾ ਵੀ ਉਦੇਸ਼ ਵਿਚ ਸ਼ਾਮਿਲ ਹੈ।

**Programme Outcomes (POs)**
**ਪ੍ਰੋਗਰਾਮ ਦੇ ਨਤੀਜੇ:**
**(ਧਾਰਮਿਕ ਅਧਿਐਨ)**

1. ਵਿਦਿਆਰਥੀ ਅੰਦਰ ਧਰਮ ਦੇ ਸਹੀ ਸਰੂਪ ਦੀ ਸੋਝੀ ਪੈਦਾ ਹੁੰਦੀ ਹੈ।
2. ਵਿਦਿਆਰਥੀ ਧਰਮ ਦੀ ਆਰੰਭਤਾ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਧਰਮ ਦੇ ਵਿਕਾਸ ਦੇ ਪੜਾਵਾਂ ਤੋਂ ਗਿਆਤ ਹੁੰਦਾ ਹੈ।
3. ਵਿਦਿਆਰਥੀ ਵਰਤਮਾਨ ਸਮੇਂ ਦੁਨੀਆਂ ਦੇ ਪ੍ਰਮੁੱਖ ਧਰਮਾਂ, ਉਨ੍ਹਾਂ ਦੇ ਧਾਰਮਿਕ ਰਹਿਬਰਾਂ, ਪ੍ਰਮੁੱਖ ਸਿਧਾਂਤਾ, ਧਾਰਮਿਕ ਮਰਿਆਦਾ, ਫਿਰਕਿਆਂ, ਸੰਸਥਾਵਾਂ ਅਤੇ ਧਰਮ ਗ੍ਰੰਥਾਂ ਤੋਂ ਜਾਣੂ ਹੁੰਦਾ ਹੈ।
4. ਵਿਦਿਆਰਥੀ ਵੱਖ-ਵੱਖ ਸਮਿਆਂ ’ਤੇ ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਆਈਆਂ ਗਿਰਾਵਟਾਂ ਨੂੰ ਦੂਰ ਕਰਨ ਲਈ ਪੈਦਾ ਹੋਈਆਂ ਧਾਰਮਿਕ ਲਹਿਰਾਂ ਅਤੇ ਉਨ੍ਹਾਂ ਦੇ ਮਹੱਤਵ ਤੋਂ ਗਿਆਤ ਹੁੰਦਾ ਹੈ।

5. ਵਿਦਿਆਰਥੀ ਸਹਿਹੋਂਦ, ਆਪਸੀ ਭਾਈਚਾਰੇ, ਮਾਨਵੀ ਕਦਰਾਂ-ਕੀਮਤਾਂ, ਦੂਜਿਆਂ ਦੇ ਸਤਿਕਾਰ, ਸੰਸਕਾਰੀ ਜੀਵਨ ਅਤੇ ਨੈਤਿਕਤਾ ਵਰਗੇ ਸਦਗੁਣਾਂ ਦਾ ਧਾਰਨੀ ਬਣਦਾ ਹੈ।
6. ਵਿਦਿਆਰਥੀ ਫਿਰਕਾਪ੍ਰਸਤੀ ਅਤੇ ਧਾਰਮਿਕ ਕੱਟੜਤਾ ਆਦਿ ਵਰਗੀਆਂ ਅਲਾਮਤਾ ਤੋਂ ਗਿਆਤ ਹੋ ਕੇ ਵਿਸ਼ਵ-ਸ਼ਾਂਤੀ ਦੀ ਸਥਾਪਤੀ ਲਈ ਧਰਮ ਦੀ ਭੂਮਿਕਾ ਸਬੰਧੀ ਸੋਝੀ ਪ੍ਰਾਪਤ ਕਰਦਾ ਹੈ।

**Programme Specific Outcomes (PSOs)**
**ਪ੍ਰੋਗਰਾਮ ਦੇ ਵਿਸ਼ੇਸ਼ ਨਤੀਜੇ:**

**ਸਮੈਸਟਰ ਪਹਿਲਾ:**

- ਵਿਦਿਆਰਥੀ ਧਰਮ ਦੀ ਆਰੰਭਤਾ ਅਤੇ ਧਰਮ ਦੇ ਇਤਿਹਾਸਕ ਵਿਕਾਸ ਨੂੰ ਸਮਝਣ ਦੇ ਸਮਰੱਥ ਹੁੰਦਾ ਹੈ। ਉਹ ਧਰਮ ਦੇ ਵੱਖ-ਵੱਖ ਪਹਿਲੂਆਂ, ਦਰਸ਼ਨ ਸ਼ਾਸ਼ਤਰ ਅਤੇ ਨੈਤਿਕਤਾ ਆਦਿ ਦੂਜੇ ਵਿਸ਼ਿਆਂ ਨਾਲ ਧਰਮ ਦੀ ਸਾਂਝ ਅਤੇ ਇਨ੍ਹਾਂ ਦੀ ਸਮਾਜਿਕ ਮਹੱਤਤਾ ਸਮਝਣ ਦੇ ਕਾਬਲ ਬਣਦਾ ਹੈ। ਇਸ ਦੇ ਨਾਲ ਹੀ ਵਿਦਿਆਰਥੀ ਵਰਤਮਾਨ ਸਮੇਂ ਮਾਨਵੀ ਕਦਰਾਂ-ਕੀਮਤਾਂ ਅਤੇ ਵਿਸ਼ਵ ਪੱਧਰ ’ਤੇ ਆਪਸੀ ਭਾਈਚਾਰਕ ਸਾਂਝ ਤੇ ਸ਼ਾਂਤੀ ਸਥਾਪਤੀ ਲਈ ਧਰਮ ਦੇ ਮਹੱਤਵ ਅਤੇ ਭੂਮਿਕਾ ਨੂੰ ਸਮਝਣ ਦੇ ਕਾਬਲ ਬਣਦਾ ਹੈ।

**ਸਮੈਸਟਰ ਦੂਜਾ:**

- ਵਿਦਿਆਰਥੀ ਅੰਦਰ ਭਾਰਤ ਦੇ ਸਭ ਤੋਂ ਪੁਰਾਣੇ ਵੈਦਿਕ ਧਰਮ ਦੀਆਂ ਮਾਨਤਾਵਾਂ, ਗ੍ਰੰਥਾਂ, ਦੇਵਤਿਆਂ ਅਤੇ ਹਿੰਦੂ ਧਰਮ ਦੇ ਫਿਰਕਿਆਂ ਅਤੇ ਉਨ੍ਹਾਂ ਦੀਆਂ ਮਾਨਤਾਵਾਂ ਨੂੰ ਸਮਝਣ ਦੇ ਯੋਗ ਬਣਦਾ ਹੈ। ਇਸ ਦੇ ਨਾਲ-ਨਾਲ ਭਾਰਤੀ ਧਾਰਮਿਕ ਪ੍ਰੰਪਰਾ ਦੇ ਪ੍ਰਮੁੱਖ ਗ੍ਰੰਥਾਂ, ਮੁੱਖ ਧਾਰਮਿਕ ਸਿਧਾਂਤਾ ਜੈਨ ਅਤੇ ਬੁੱਧ ਮਤਿ ਸਬੰਧੀ ਬਹੁਪੱਖੀ ਜਾਣਕਾਰੀ ਪ੍ਰਾਪਤ ਕਰਦਾ ਹੈ।

**ਸਮੈਸਟਰ ਤੀਜਾ:**

- ਵਿਦਿਆਰਥੀ ਸੰਸਾਰ ਵਿਚ ਸਾਮੀ ਧਾਰਮਿਕ ਪ੍ਰੰਪਰਾ ਦੇ ਪ੍ਰਮੁੱਖ ਧਰਮਾਂ ਯਹੂਦੀ, ਇਸਾਈ, ਇਸਲਾਮ ਅਤੇ ਇਨ੍ਹਾਂ ਦੇ ਨਾਲ ਹੀ ਪਾਰਸੀ ਮਤਿ ਸਬੰਧੀ ਬਹੁਪੱਖੀ ਜਾਣਕਾਰੀ ਪ੍ਰਾਪਤ ਕਰਦਾ ਹੈ। ਸੰਸਾਰਕ ਧਰਮਾਂ ਦੀ ਸੋਝੀ ਪ੍ਰਾਪਤ ਕਰਕੇ ਵਿਦਿਆਰਥੀ ਦੂਜਿਆਂ ਮਤਾਂ ਦੇ ਵਿਸ਼ਵਾਸ਼ਾਂ ਅਤੇ ਮਾਨਤਾਵਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਕਦਰ ਕਰਨ ਤੇ ਆਪਸੀ ਭਾਈਚਾਰਕ ਸਾਂਝ ਸਥਾਪਤ ਕਰਨ ਦੇ ਕਾਬਿਲ ਬਣਦਾ ਹੈ।

**ਸਮੈਸਟਰ ਚੌਥਾ:**

- ਵਿਦਿਆਰਥੀ ਭਾਰਤ ਦੀ ਮੱਧਕਾਲੀ ਭਗਤੀ ਲਹਿਰ, ਇਸ ਦੇ ਪ੍ਰਮੁੱਖ ਸੰਤਾਂ/ਭਗਤਾਂ ਅਤੇ ਸੂਫ਼ੀ ਲਹਿਰ ਨੂੰ ਸਮਝਣ ਦੇ ਸਮਰੱਥ ਹੁੰਦਾ ਹੈ। ਉਹ ਮੱਧਕਾਲ ਅਤੇ ਆਧੁਨਿਕ ਕਾਲ ਵਿਚ ਚਲੀਆਂ ਧਰਮ ਸੁਧਾਰ ਲਹਿਰਾਂ ਦੀਆਂ ਪ੍ਰਾਪਤੀਆਂ ਅਤੇ ਧਰਮ/ਸਮਾਜ ਸੁਧਾਰ ਵਿਚ ਇਨ੍ਹਾਂ ਲਹਿਰਾਂ ਦੇ ਬਹੁਪੱਖੀ ਯੋਗਦਾਨ ਨੂੰ ਸਮਝਕੇ ਚੰਗੇ ਸਮਾਜ ਦੀ ਸਿਰਜਣਾ ਲਈ ਪ੍ਰੇਰਣਾ ਅਤੇ ਉਤਸ਼ਾਹ ਪ੍ਰਾਪਤ ਕਰਦਾ ਹੈ।

**ਸਮੈਸਟਰ ਪੰਜਵਾਂ:**

- ਵਿਦਿਆਰਥੀ ਸਿੱਖ ਧਰਮ ਦੇ ਦਾਰਸ਼ਨਿਕ ਤੇ ਧਾਰਮਿਕ ਵਿਸ਼ਵਾਸਾਂ ਦੀ ਸੋਝੀ ਪ੍ਰਾਪਤ ਕਰਕੇ ਇਨ੍ਹਾਂ ਦੇ ਸਿੱਖ ਧਰਮ ਅਤੇ ਸਮਾਜ ਵਿਚ ਸਕਾਰਾਤਮਕ ਪ੍ਰਭਾਵਾਂ ਤੋਂ ਉਤਸ਼ਾਹ ਪ੍ਰਾਪਤ ਕਰਦਾ ਹੈ। ਇਸ ਦੇ ਇਲਾਵਾ ਵਿਦਿਆਰਥੀ ਗੁਰੂ-ਗ੍ਰੰਥ ਸਾਹਿਬ ਅਤੇ ਬਾਣੀ ਸਬੰਧੀ ਬਹੁਪੱਖੀ ਜਾਣਕਾਰੀ ਪ੍ਰਾਪਤ ਕਰਕੇ ਬਾਣੀ ਤੋਂ ਇਕ ਸਚਿਆਰ ਜੀਵਨ ਜਿਉਣ ਲਈ ਮਾਰਗ ਦਰਸ਼ਨ ਗ੍ਰਹਿਣ ਕਰਦਾ ਹੈ।

**ਸਮੈਸਟਰ ਛੇਵਾਂ:**

- ਵਿਦਿਆਰਥੀ ਦਸ ਗੁਰੂ ਸਾਹਿਬਾਨ ਦੇ ਜੀਵਨ, ਸਿੱਖ ਧਰਮ ਦੇ ਪਸਾਰ ਵਿਚ ਗੁਰੂ ਸਾਹਿਬਾਨ ਦੀ ਭੂਮਿਕਾ, ਸਿੱਖ ਸਿਧਾਂਤਾਂ ਅਤੇ ਸੰਸਥਾਵਾਂ ਦੇ ਵਿਕਾਸ ਆਦਿ ਪੱਖਾਂ ਸਬੰਧੀ ਗਿਆਨ ਪ੍ਰਾਪਤ ਕਰਦਾ ਹੈ ਜਿਸ ਨਾਲ ਉਸ ਅੰਦਰ ਚੰਗੇ ਆਚਰਣ ਦੇ ਧਾਰਨੀ ਬਣਨ ਅਤੇ ਸਦਗੁਣਾਂ ਨੂੰ ਅਪਨਾਉਣ ਦੀ ਪ੍ਰੇਰਨਾ ਮਿਲਦੀ ਹੈ।

**(Faculty of Humanities & Religious Studies)**
Semester – I
Religious Studies
ਧਰਮ ਅਧਿਐਨ
Course Code – BARS-114

**ਧਰਮ, ਆਦਿ ਧਰਮ ਅਤੇ ਧਰਮ ਸੰਬੰਧੀ ਆਧੁਨਿਕ ਮੁੱਦੇ**

ਸਮਾਂ : 3 ਘੰਟੇ

ਕ੍ਰੈਡਿਟ: 04
ਕੁੱਲ ਘੰਟੇ : 60
ਕੁੱਲ ਅੰਕ : 100
ਥਿਊਰੀ ਅੰਕ : 75
ਇੰਟਰਨਲ ਅਸੈੱਸਮੈਂਟ : 25

**ਪੇਪਰ ਸੈਟਰ ਲਈ ਹਦਾਇਤਾਂ:**

ਪੇਪਰ ਦੇ ਪੰਜ ਭਾਗ ਹੋਣਗੇ: ੳ, ਅ, ੲ, ਸ ਅਤੇ ਹ। ਭਾਗ ੳ, ਅ, ੲ, ਸ ਵਿਚੋਂ 2-2 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀਆਂ ਨੇ ਇੱਕ-ਇੱਕ ਪ੍ਰਸ਼ਨ ਕਰਨਾ ਹੋਵੇਗਾ ਅਤੇ ਹਰ ਪ੍ਰਸ਼ਨ ਦੇ 15 ਅੰਕ ਹੋਣਗੇ। ਭਾਗ 'ਹ' ਵਿਚੋਂ ਸੰਖੇਪ ਉੱਤਰਾਂ ਵਾਲੇ 15 ਪ੍ਰਸ਼ਨ ਪੁੱਛੇ ਜਾਣਗੇ, ਜਿਹੜੇ ਸਾਰੇ ਸਿਲੇਬਸ ਵਿਚੋਂ ਹੋਣਗੇ। ਹਰੇਕ ਪ੍ਰਸ਼ਨ 1-1 ਅੰਕ ਦਾ ਹੋਵੇਗਾ।

**Course Objectives**
**ਕੋਰਸ ਦੇ ਉਦੇਸ਼:**

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਧਰਮ ਦੀ ਅਰੰਭਤਾ ਤੋਂ ਲੈ ਕੇ ਧਰਮ ਦੇ ਵਿਕਾਸ ਅਤੇ ਧਰਮ ਦੇ ਮੁੱਢਲੇ ਸਰੂਪ ਤੋਂ ਜਾਣੂ ਕਰਾਉਣਾ ਹੈ। ਇਸ ਕੋਰਸ ਰਾਹੀਂ ਵਿਦਿਆਰਥੀਆਂ ਨੂੰ ਧਰਮ, ਨੈਤਿਕਤਾ ਅਤੇ ਦਰਸ਼ਨ (ਫਿਲਾਸਫੀ) ਦੇ ਸਰੂਪ ਅਤੇ ਆਪਸੀ ਸਬੰਧਾਂ ਤੋਂ ਵੀ ਜਾਣੂ ਕਰਵਾਇਆ ਜਾਵੇਗਾ। ਕੋਰਸ ਵਿਚ ਧਾਰਮਿਕ ਸੰਸਕਾਰਾਂ ਅਤੇ ਤਿਉਹਾਰਾਂ ਦੀ ਧਾਰਮਿਕ ਤੇ ਸਮਾਜਿਕ ਮਹੱਤਤਾ ਤੋਂ ਜਾਣੂ ਕਰਵਾਉਣਾ। ਇਸ ਦੇ ਨਾਲ ਹੀ ਚੰਗੇ ਸਮਾਜ ਦੀ ਸਿਰਜਣਾ, ਵਿਸ਼ਵਸ਼ਾਂਤੀ, ਸਹਿਹੋਂਦ, ਆਪਸੀ ਭਾਈਚਾਰੇ ਅਤੇ ਮਾਨਵ ਕਲਿਆਣ ਸਬੰਧੀ ਧਰਮ ਦੀ ਭੂਮਿਕਾ ਸਬੰਧੀ ਗਿਆਨ ਦਿੱਤਾ ਜਾਵੇਗਾ।

**ਭਾਗ (ੳ) : ਧਰਮ ਦੀ ਆਮ ਜਾਣਕਾਰੀ**

1. ਧਰਮ : ਪਰਿਭਾਸ਼ਾ ਤੇ ਸਰੂਪ
2. ਧਰਮ ਤੇ ਦਰਸ਼ਨ : ਸਮਾਨਤਾ ਅਤੇ ਅੰਤਰ
3. ਧਰਮ ਤੇ ਨੈਤਿਕਤਾ : ਸਮਾਨਤਾ ਅਤੇ ਅੰਤਰ

**ਭਾਗ (ਅ) : ਆਦਿ ਧਰਮ**

1. ਪ੍ਰਾਚੀਨ ਮਨੁੱਖ ਅਤੇ ਉਸਦਾ ਧਰਮ : ਕੁਦਰਤ ਦੀ ਕਰੋਪੀ ਤੇ ਧਰਮ ਦਾ ਆਰੰਭ

2. ਮੁੱਢਲੇ ਧਾਰਮਿਕ ਵਿਸ਼ਵਾਸ : ਐਨਿਮਿਜ਼ਮ, ਮਾਨਾ, ਟੋਟਮ, ਫਿਟਿਸ਼
3. ਧਾਰਮਿਕ ਪ੍ਰਗਟਾਵੇ : ਜਾਦੂ, ਟੈਬੂ, ਮਿਥ

**ਭਾਗ (ੲ) : ਧਾਰਮਿਕ ਸੰਸਕਾਰ**

1. ਧਾਰਮਿਕ ਸੰਸਕਾਰ : ਅਰਥ ਅਤੇ ਸਰੂਪ
2. ਜਨਮ, ਧਰਮ-ਪ੍ਰਵੇਸ਼, ਵਿਆਹ ਅਤੇ ਮ੍ਰਿਤਕ ਸੰਸਕਾਰ
3. ਧਾਰਮਿਕ ਤਿਉਹਾਰਾਂ ਦਾ ਸਮਾਜਿਕ-ਧਾਰਮਿਕ ਮਹੱਤਵ

**ਭਾਗ (ਸ) : ਧਰਮ ਸੰਬੰਧੀ ਆਧੁਨਿਕ ਮੁੱਦੇ**

1. ਧਰਮ ਅਤੇ ਸਮਾਜ ਦਾ ਸੰਬੰਧ
2. ਮਾਨਵਵਾਦ
3. ਵਿਸ਼ਵ ਸ਼ਾਂਤੀ ਤੇ ਸਹਿਹੋਂਦ

**ਸੁਝਾਈਆਂ ਪੁਸਤਕਾਂ ਦੀ ਸੂਚੀ :**


English :

1. Byron, Jevous Frank, *The History of Religion*, Orient, Delhi, 1985.
2. Harbans Singh & L.M. Joshi, *An Introduction to Indian Religions*, Punjabi University, Patiala, 1996.
3. James, E. O., *Beginning of Religion*, Arrow Books, London. 1950.
4. Redin Paul, *Primitive Religion*, Dover Publication, New York, 1957.

Punjabi:

1. ਐਫ. ਮੈਕਸਮੂਲਰ, *ਧਰਮ ਦੀ ਉਤਪਤੀ ਤੇ ਵਿਕਾਸ*, ਅਨੁ. ਤਾਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
2. ਸਿੱਧੂ, ਗੁਰਮੀਤ ਸਿੰਘ, *ਧਰਮ : ਆਧੁਨਿਕ ਅਤੇ ਉਤਰ ਆਧੁਨਿਕ ਸਿਧਾਂਤ*, ਗੁਰਗਿਆਨ ਬੁਕਸ, ਪਟਿਆਲਾ, 2014.
3. ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.
4. ਮਨਜੀਤ ਸਿੰਘ, *ਧਰਮ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.
5. ਵਜ਼ੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

Hindi:

1. ਸਿਨਹਾ, ਹਰੇਂਦ੍ਰ ਪ੍ਰਸਾਦ, *ਧਰਮ ਦਰਸ਼ਨ ਕੀ ਰੂਪ ਰੇਖਾ*, ਮੋਤੀ ਲਾਲ ਬਨਾਰਸੀ ਦਾਸ, ਦਿੱਲੀ, 1965.


**Course Outcomes:**
**ਕੋਰਸ ਦੇ ਨਤੀਜੇ:**

ਕੋਰਸ ਪੂਰਾ ਹੋਣ ਤੋਂ ਬਾਅਦ ਵਿਦਿਆਰਥੀਆਂ ਜਾਣੂ ਹੋ ਜਾਣਗੇ:

1. ਵਿਦਿਆਰਥੀ ਧਰਮ ਦੀ ਆਰੰਭਤਾ ਅਤੇ ਧਰਮ ਦੇ ਮੁੱਢਲੇ ਸਰੂਪ ਤੋਂ ਜਾਣੂ ਹੋਵੇਗਾ।
2. ਉਹ ਨੈਤਿਕਤਾ ਅਤੇ ਦਰਸ਼ਨ ਬਾਰੇ ਅਤੇ ਇਨ੍ਹਾਂ ਦੇ ਧਰਮ ਨਾਲ ਸਬੰਧਾਂ ਦੀ ਸੋਝੀ ਪ੍ਰਾਪਤ ਕਰੇਗਾ।
3. ਵਿਦਿਆਰਥੀ ਧਾਰਮਿਕ ਸੰਸਕਾਰਾਂ ਅਤੇ ਧਾਰਮਿਕ ਤਿਉਹਾਰਾਂ ਦੇ ਮਨੁੱਖੀ ਜੀਵਨ ਵਿਚ ਮਹੱਤਵ ਬਾਰੇ ਜਾਣੇਗਾ।
4. ਵਿਦਿਆਰਥੀ ਧਰਮ ਦੇ ਸਮਾਜ ਨਾਲ ਸਬੰਧਾਂ ਅਤੇ ਸਮਾਜ 'ਤੇ ਪ੍ਰਭਾਵਾਂ ਸਬੰਧੀ ਜਾਣੂ ਹੋਵੇਗਾ।

5. ਵਿਦਿਆਰਥੀ ਮਾਨਵਵਾਦ, ਵਿਸ਼ਵ ਸ਼ਾਂਤੀ ਅਤੇ ਸਹਿਹੋਂਦ ਲਈ ਧਰਮ ਦੀ ਭੂਮਿਕਾ ਨੂੰ ਸਮਝ ਕੇ ਸੰਸਾਰ ਨੂੰ ਨਵੀਂ ਸੇਧ ਦੇਣ ਦੇ ਸਮਰੱਥ ਹੋਵੇਗਾ।

**(Faculty of Humanities & Religious Studies)**
Semester – II
Religious Studies
ਧਰਮ ਅਧਿਐਨ
Course Code – BARS-214
**ਪ੍ਰਮੁੱਖ ਭਾਰਤੀ ਧਰਮ**

ਸਮਾਂ : 3 ਘੰਟੇ

ਕ੍ਰੈਡਿਟ : 04
ਕੁੱਲ ਘੰਟੇ : 60
ਕੁੱਲ ਅੰਕ : 100
ਥਿਊਰੀ ਅੰਕ : 75
ਇੰਟਰਨਲ ਅਸੈੱਸਮੈਂਟ : 25

**ਪੇਪਰ ਸੈਟਰ ਲਈ ਹਦਾਇਤਾਂ:**

ਪੇਪਰ ਦੇ ਪੰਜ ਭਾਗ ਹੋਣਗੇ : ੳ, ਅ, ੲ, ਸ ਅਤੇ ਹ। ਭਾਗ ੳ, ਅ, ੲ, ਸ ਵਿਚੋਂ 2-2 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀਆਂ ਨੇ ਇੱਕ-ਇੱਕ ਪ੍ਰਸ਼ਨ ਕਰਨਾ ਹੋਵੇਗਾ ਅਤੇ ਹਰ ਪ੍ਰਸ਼ਨ ਦੇ 15 ਅੰਕ ਹੋਣਗੇ। ਭਾਗ 'ਹ' ਵਿਚੋਂ ਸੰਖੇਪ ਉੱਤਰਾਂ ਵਾਲੇ 15 ਪ੍ਰਸ਼ਨ ਪੁੱਛੇ ਜਾਣਗੇ, ਜਿਹੜੇ ਸਾਰੇ ਸਿਲੇਬਸ ਵਿਚੋਂ ਹੋਣਗੇ। ਹਰੇਕ ਪ੍ਰਸ਼ਨ 1-1 ਅੰਕ ਦਾ ਹੋਵੇਗਾ।

**Course Objectives**
**ਕੋਰਸ ਦੇ ਉਦੇਸ਼:**

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਭਾਰਤੀ ਧਾਰਮਿਕ ਪ੍ਰੰਪਰਾ ਦੇ ਪ੍ਰਮੁੱਖ ਧਰਮਾਂ ਤੋਂ ਜਾਣੂ ਕਰਾਉਣਾ ਹੈ। ਵਿਦਿਆਰਥੀਆਂ ਨੂੰ ਆਰੀਆ ਨਸਲ, ਆਰੀਆ ਦੇ ਧਰਮ: ਵੇਦ, ਬਲੀ, ਯੱਗ ਅਤੇ ਵੈਦਿਕ ਦੇਵਤਿਆਂ ਸਬੰਧੀ ਜਾਣੂ ਕਰਾਉਣਾ। ਹਿੰਦੂ ਧਰਮ ਦੇ ਤਿੰਨ ਮਤਾਂ : ਵੈਸ਼ਨਵ, ਸ਼ੈਵ ਅਤੇ ਸਾਕਤ, ਭਗਵਤ ਗੀਤਾ, ਮਹਾਂਭਾਰਤ ਅਤੇ ਰਮਾਇਣ ਤੋਂ ਜਾਣੂ ਕਰਾਉਣਾ। ਜੈਨ ਧਰਮ ਦੇ ਤੀਰਥੰਕਰਾਂ ਅਤੇ ਭਗਵਾਨ ਮਹਾਂਵੀਰ ਦੇ ਜੀਵਨ, ਪ੍ਰਮੁੱਖ ਜੈਨ ਸਿਧਾਂਤਾ: 5 ਮਹਾਂਵਰਤਾਂ, ਕਰਮ ਅਤੇ ਮੁਕਤੀ ਦੇ ਸਿਧਾਂਤ, ਧਰਮ ਗ੍ਰੰਥਾਂ ਤੇ ਫਿਰਕਿਆਂ ਦੀ ਜਾਣਕਾਰੀ ਦੇਣਾ। ਮਹਾਤਮਾ ਬੁੱਧ ਦੇ ਜੀਵਨ, ਚਾਰ ਆਰੀਆ ਸਤ, ਧਰਮ ਗ੍ਰੰਥਾਂ ਅਤੇ ਫਿਰਕਿਆਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਾਉਣਾ।

**ਭਾਗ (ੳ): ਵੈਦਿਕ ਧਰਮ**

1. ਆਰੀਅਨ ਦੀ ਜਾਣਕਾਰੀ
2. ਆਰੀਆ ਧਰਮ : ਸੰਖੇਪ ਜਾਣਕਾਰੀ (ਵੇਦ, ਬਲੀ ਤੇ ਯੱਗ)
3. ਵੈਦਿਕ ਦੇਵਤੇ : ਬਹੁ-ਦੇਵਵਾਦ

**ਭਾਗ (ਅ) : ਹਿੰਦੂ ਧਰਮ**

1. ਪ੍ਰਮੁੱਖ ਫ਼ਿਰਕੇ : ਵੈਸ਼ਨਵ, ਸ਼ੈਵ ਅਤੇ ਸ਼ਾਕਤ (ਜਾਣ ਪਹਿਚਾਣ ਅਤੇ ਮੁੱਖ ਸਿਧਾਂਤ)
2. ਭਗਵਤ ਗੀਤਾ : ਜਾਣ-ਪਹਿਚਾਣ ਅਤੇ ਮੁੱਖ ਸਿੱਧਾਂਤ
3. ਮਹਾਂਭਾਰਤ ਤੇ ਰਾਮਾਇਣ : ਜਾਣ-ਪਹਿਚਾਣ ਅਤੇ ਮੁੱਖ ਸਿੱਧਾਂਤ

**ਭਾਗ (ੲ) : ਜੈਨ ਧਰਮ**

1. ਤੀਰਥੰਕਰ ਤੇ ਭਗਵਾਨ ਮਹਾਂਵੀਰ ਦਾ ਜੀਵਨ
2. ਮੁੱਖ ਸਿਧਾਂਤ : ਪੰਜ ਮਹਾਂਵਰਤ, ਕਰਮ ਅਤੇ ਮੁਕਤੀ
3. ਧਰਮ ਗ੍ਰੰਥ ਤੇ ਫ਼ਿਰਕੇ

**ਭਾਗ (ਸ) : ਬੁੱਧ ਧਰਮ**

1. ਮਹਾਤਮਾ ਬੁੱਧ ਦਾ ਜੀਵਨ
2. ਮੁੱਖ ਸਿਧਾਂਤ : ਚਾਰ ਆਰੀਆ ਸੱਚ
3. ਧਰਮ ਗ੍ਰੰਥ ਅਤੇ ਫਿਰਕੇ

**ਸੁਝਾਈਆਂ ਪੁਸਤਕਾਂ ਦੀ ਸੂਚੀ :**


English :

1. Bhalla, K.S.,*Major Religions in India*, Star Publications, 2005.
2. Bhasker, V.S., *Faith and Philosophy of Buddhism*, Kalpaz Publications, 2009.
3. *Buddhism*, Punjabi University, Patiala, 1969.
4. David, Neel, Alexander, *Buddhism-Its Doctrines and Its Methods,* B.I. Publications, Grate Britain, 1977.
5. Gopalan, S., *Outlines of Jainism*, Wiley Western Ltd.,New Delhi, 1975.
6. Gupta, Das S. N., *A History of Indian Philosophy*, Vol. I, Cambridge University Press, New York, 1969.
7. Hiriyanna, H., *Outlines of Indian Philosophy,* George Allen & Cnwin Ltd., London, 1931.
8. Hume, R.E., *The Thirteen Principal Upanishads,* Oxford University Press, New York, 1975.
9. Nathmal, Tatia Muni & Mahandra Kumar, *Aspects of Jain Monasticism: Today and Tomorrow*, Jain Vishva Bharti, Printers and Printers, New Delhi, 1981.
10. Richard, A. Gard (Ed.),*Buddhism,* Prentice Hall, International, London,1961.
11. Slevenson, S., *The Heart of Jainism,* Munshi Ram Manohar lal, New Delhi, 1979.

Punjabi:

1. ਅਮੋਲ, ਸ.ਸ, *ਧਰਮਾਂ ਦੀ ਮੁੱਢਲੀ ਜਾਣਕਾਰੀ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.
2. ਐਮ. ਹਿਰਿਆਨਾ, *ਭਾਰਤੀ ਦਰਸ਼ਨ ਦੀ ਰੂਪ ਰੇਖਾ*, ਅਨੁ. ਪ੍ਰਭਕੀਰਤ ਸਿੰਘ, ਯੂਨੀਸਟਾਰ, ਚੰਡੀਗੜ੍ਹ, 2014.
3. ਗੁਪਤਾ, ਸ਼ਾਂਤੀ ਨਾਥ, *ਭਾਰਤੀ ਦਰਸ਼ਨ*, ਪੰਜਾਬ ਸਟੇਟ ਯੂਨੀਵਰਸਿਟੀ, ਚੰਡੀਗੜ੍ਹ, 1974.
4. ਨਿਰਾਕਾਰੀ, ਆਰ.ਡੀ., *ਭਾਰਤੀ ਦਰਸ਼ਨ*, ਪੰਜਾਬ ਸਟੇਟ ਯੂਨੀਵਰਸਿਟੀ, ਚੰਦੀਗੜ੍ਹ, 1994.

Hindi:

1. ਸਿਨਹਾ, ਹਰੇਂਦ੍ਰ ਪ੍ਰਸਾਦ, *ਭਾਰਤੀਯ ਦਰਸ਼ਨ ਕੀ ਰੂਪ ਰੇਖਾ*, ਮੋਤੀ ਲਾਲ ਬਨਾਰਸੀ ਦਾਸ, ਦਿੱਲੀ, 1963.
2. ਮਿਸ਼ਰ, ਉਮੇਸ਼ (ਡਾ.), *ਭਾਰਤੀਯ ਦਰਸ਼ਨ*, ਉੱਤਰ ਪ੍ਰਦੇਸ਼, ਹਿੰਦੀ ਸੰਸਥਾਨ, ਲਖਨਊ, 2003.
3. ਰਾਧਾ ਕ੍ਰਿਸ਼ਨਨ, *ਭਾਰਤੀਯ ਦਰਸ਼ਨ*, ਭਾਗ ਪਹਿਲਾ, ਰਾਜਪਾਲ ਐਂਡ ਸੰਨਜ਼, ਦਿੱਲੀ, 1973.


**Course Outcomes**:
**ਕੋਰਸ ਦੇ ਨਤੀਜੇ:**

ਕੋਰਸ ਪੂਰਾ ਹੋਣ ਤੋਂ ਬਾਅਦ ਵਿਦਿਆਰਥੀ ਇਹਨਾਂ ਪਹਿਲੂਆਂ ਤੋਂ ਜਾਣੂ ਹੋ ਜਾਣਗੇ:

1. ਵਿਦਿਆਰਥੀ ਭਾਰਤੀ ਧਾਰਮਿਕ ਪ੍ਰੰਪਰਾ ਦੇ ਪ੍ਰਮੁੱਖ ਧਰਮਾਂ ਬਾਰੇ ਜਾਣੂ ਹੋਵੇਗਾ।
2. ਵਿਦਿਆਰਥੀ ਆਰੀਆ ਨਸਲ, ਆਰੀਆ ਦੇ ਧਰਮ ਅਤੇ ਧਾਰਮਿਕ ਵਿਧੀ-ਵਿਧਾਨ ਤੋਂ ਜਾਣੂ ਹੋਵੇਗਾ।
3. ਵਿਦਿਆਰਥੀ ਹਿੰਦੂ ਧਰਮ ਦੇ ਬਾਰੇ ਸੋਝੀ ਪ੍ਰਾਪਤ ਕਰੇਗਾ।

4. ਵਿਦਿਆਰਥੀ ਜੈਨ ਧਰਮ ਦੇ ਤੀਰਥੰਕਰਾਂ, ਭਗਵਾਨ ਮਹਾਂਵੀਰ ਦੇ ਜੀਵਨ ਅਤੇ ਜੈਨ ਧਰਮ ਤੋਂ ਜਾਣੂ ਹੋਵੇਗਾ।
5. ਵਿਦਿਆਰਥੀ ਮਹਾਤਮਾ ਬੁੱਧ ਦੇ ਜੀਵਨ, ਧਰਮ ਗ੍ਰੰਥਾਂ ਅਤੇ ਫਿਰਕਿਆਂ ਸਬੰਧੀ ਸਮਝ ਪ੍ਰਾਪਤ ਕਰੇਗਾ।

**(Faculty of Humanities & Religious Studies)**

Semester – III

Religious Studies

ਧਰਮ ਅਧਿਐਨ

Course Code – BARS-314

**(ਸਾਮੀ ਧਰਮ)**

ਸਮਾਂ : 3 ਘੰਟੇ

ਕ੍ਰੈਡਿਟ : 04
ਕੁੱਲ ਘੰਟੇ : 60
ਕੁੱਲ ਅੰਕ : 100
ਥਿਊਰੀ ਅੰਕ : 75
ਇੰਟਰਨਲ ਅਸੈੱਸਮੈਂਟ : 25

**ਪੇਪਰ ਸੈਟਰ ਲਈ ਹਦਾਇਤਾਂ:**

ਪੇਪਰ ਦੇ ਪੰਜ ਭਾਗ ਹੋਣਗੇ : ੳ, ਅ, ੲ, ਸ ਅਤੇ ਹ। ਭਾਗ ੳ, ਅ, ੲ, ਸ ਵਿਚੋਂ 2-2 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀਆਂ ਨੇ ਇੱਕ-ਇੱਕ ਪ੍ਰਸ਼ਨ ਕਰਨਾ ਹੋਵੇਗਾ ਅਤੇ ਹਰ ਪ੍ਰਸ਼ਨ ਦੇ 15 ਅੰਕ ਹੋਣਗੇ। ਭਾਗ 'ਹ' ਵਿਚੋਂ ਸੰਖੇਪ ਉੱਤਰਾਂ ਵਾਲੇ 15 ਪ੍ਰਸ਼ਨ ਪੁੱਛੇ ਜਾਣਗੇ, ਜਿਹੜੇ ਸਾਰੇ ਸਿਲੇਬਸ ਵਿਚੋਂ ਹੋਣਗੇ। ਹਰੇਕ ਪ੍ਰਸ਼ਨ 1-1 ਅੰਕ ਦਾ ਹੋਵੇਗਾ।

**Course Objectives**
**ਕੋਰਸ ਦੇ ਉਦੇਸ਼:**

ਇਸ ਕੋਰਸ ਦਾ ਮੁਖ ਮੰਤਵ ਵਿਦਿਆਰਥੀਆਂ ਨੂੰ ਸਾਮੀ ਧਾਰਮਿਕ ਪ੍ਰੰਪਰਾ ਦਾ ਗਿਆਨ ਦੇਣਾ ਹੈ। ਇਸ ਕੋਰਸ ਰਾਹੀਂ ਵਿਦਿਆਰਥੀਆਂ ਨੂੰ ਯਹੂਦੀ ਧਰਮ ਦੇ ਆਰੰਭ, ਵਿਕਾਸ, ਪੈਗੰਬਰ ਮੂਸਾ ਦੇ ਜੀਵਨ ਤੇ ਸਿਖਿਆਵਾਂ ਅਤੇ ਬਾਈਬਲ ਦੇ ਪੁਰਾਣੇ ਨੇਮ ਬਾਰੇ ਦੱਸਿਆ ਜਾਵੇਗਾ। ਇਸ ਦੇ ਨਾਲ ਹੀ ਈਸਾਈ ਧਰਮ ਦੇ ਆਰੰਭ, ਚਰਚ ਦੇ ਪ੍ਰਸਾਰ, ਹਜ਼ਰਤ ਈਸਾ ਦੇ ਜੀਵਨ ਤੇ ਸਿੱਖਿਆਵਾਂ ਅਤੇ ਬਾਈਬਲ ਦੇ ਨਵੇਂ ਨੇਮ ਦੀ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਇਸਲਾਮ ਤੋਂ ਪਹਿਲਾ ਅਰਬ ਦੀ ਹਾਲਤ, ਇਸਲਾਮ ਧਰਮ ਦੇ ਆਰੰਭ, ਪਿਛੋਕੜ ਅਤੇ ਪਸਾਰ, ਇਸਲਾਮ ਦੇ ਪ੍ਰਮੁੱਖ ਸਿਧਾਂਤਾ, ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਅਤੇ ਪਵਿੱਤਰ ਕੁਰਾਨ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਪਾਰਸੀ ਧਰਮ ਦੀ ਮੁੱਢਲੀ ਜਾਣਕਾਰੀ, ਸਮਕਾਲੀ ਹਾਲਾਤ, ਪਾਰਸੀਆਂ ਦੀ ਭਾਰਤ ਵਿਚ ਜਲਾਵਤਨੀ, ਮਹਾਤਮਾ ਜ਼ੁਰਤੁਸ਼ਤ ਦੇ ਜੀਵਨ, ਸਿੱਖਿਆਵਾਂ, ਪਾਰਸੀਆਂ ਦੇ ਸਮਾਜਿਕ ਵਿਹਾਰ ਅਤੇ ਪਾਰਸੀ ਧਰਮ ਗ੍ਰੰਥਾਂ ਅਹੁਰਮਾਜ਼ਦਾ, ਅਹਰਮਨ ਅਤੇ ਜੇਂਦ ਅਵੇਸਤਾ ਸਬੰਧੀ ਜਾਣੂ ਕਰਾਉਣਾ।

**ਭਾਗ (ੳ): ਯਹੂਦੀ ਧਰਮ**

1. ਯਹੂਦੀ ਧਰਮ ਦਾ ਇਤਿਹਾਸ : ਮੁੱਢਲੀ ਜਾਣ-ਪਛਾਣ
2. ਪੈਗੰਬਰ ਮੂਸਾ : ਜੀਵਨ ਤੇ ਸਿੱਖਿਆਵਾਂ
3. ਯਹੂਦੀ ਧਰਮ ਗ੍ਰੰਥ : ਤੌਰਾਹ (The Torah), ਨਬੀ (The Prophets) ਅਤੇ ਕੈਥੂਬੀਮ (The Writings) ਬਾਰੇ ਸੰਖੇਪ ਜਾਣਕਾਰੀ ।

ਭਾਗ (ਅ) : ਈਸਾਈ ਮੱਤ

1. ਈਸਾਈ ਚਰਚ ਆਰੰਭ ਅਤੇ ਪਾਸਾਰ (ਨਵੇਂ ਨੇਮ ਦੀ ਪੰਜਵੀਂ ਪੁਸਤਕ ਰਸੂਲਾਂ ਦੇ ਕਰਤਬ ਅਨੁਸਾਰ)

2. ਯਿਸੂ ਮਸੀਹ : ਜੀਵਨ ਤੇ ਸਿੱਖਿਆਵਾਂ
3. ਨਵਾਂ ਨੇਮ (New Testament) ਤਿੰਨ ਮੁੱਖ ਭਾਗ:
   (i) ਮੱਤੀ ਦੀ ਅੰਜੀਲ (Gospel of Mathew) : ਸੰਖਿਪਤ ਜਾਣਕਾਰੀ
   (ii) 21 ਪੱਤਰ (Epistles) ਸੰਤ ਪਾਲ ਤੇ ਦੂਜੇ ਸੰਤਾਂ ਦੇ
   (iii) ਪ੍ਰਕਾਸ਼ ਦੀ ਪੋਥੀ (Apocalypse)

**ਭਾਗ (ੲ): ਇਸਲਾਮ**

1. ਇਸਲਾਮ ਧਰਮ : ਮੁੱਢਲੀ ਜਾਣ ਪਛਾਣ, ਪਿਛੋਕੜ, ਆਰੰਭ ਅਤੇ ਵਿਕਾਸ, ਇਸਲਾਮ ਤੋਂ ਪਹਿਲਾਂ ਅਰਬ ਦੀ ਧਾਰਮਿਕ ਅਤੇ ਸਮਾਜਿਕ ਸਥਿਤੀ
2. ਪੈਗੰਬਰ ਮੁਹੰਮਦ : ਜੀਵਨ, ਸਿੱਖਿਆਵਾਂ, ਇਸਲਾਮ ਦੇ ਪੰਜ ਥੰਮ : ਈਮਾਨ, ਸਲਾਤ, ਰੋਜ਼ਾ, ਹੱਜ, ਜ਼ਕਾਤ
3. ਪਵਿੱਤਰ ਕੁਰਾਨ : ਸੰਪਾਦਨਾਂ ਅਤੇ ਬਣਤਰ

**ਭਾਗ (ਸ) : ਪਾਰਸੀ ਮੱਤ**

1. ਪਾਰਸੀ ਧਰਮ: ਸੰਖੇਪ ਜਾਣ-ਪਛਾਣ, ਸਮਕਾਲੀ ਸਮਾਜਿਕ ਅਤੇ ਧਾਰਮਿਕ ਅਵਸਥਾ, ਜਲਾਵਤਨੀ ਅਤੇ ਭਾਰਤ ਵਿਚ ਆਗਮਨ
2. ਜਰਤੁਸ਼ਤ : ਜੀਵਨ ਸਿੱਖਿਆਵਾਂ, ਨੇਕੀ-ਬਦੀ ਦਾ ਸਿਧਾਂਤ, ਪਰਿਵਾਰਿਕ ਅਤੇ ਸਮਾਜਿਕ ਭਾਈਚਾਰੇ ਦੀ ਬਣਤਰ
3. ਪਾਰਸੀ ਧਰਮ-ਗ੍ਰੰਥ : ਅਹੁਰ ਮਾਜ਼ਦਾ, ਅਹਰਮਨ ਅਤੇ ਜੰਦ-ਅਵੇਸਤਾ ਦੀ ਸੰਖੇਪ ਜਾਣਕਾਰੀ

**ਸੁਝਾਈਆਂ ਪੁਸਤਕਾਂ ਦੀ ਸੂਚੀ:**

English:
1. Ali, K. *A Study of Islamic History*, Mullick Brothers, Calcutta, 1971.
2. Ansari, M. Abdul Haq, *Islam*, Punjabi University, Patiala, 1969.
3. Buck Harry M., *People of the Lord*, The History, Scripture and faith of ancient Israel, The Macmillan, 1966.
4. *Christianity*, Punjabi University, Patiala, 1969.
5. Clark, Denmise E., *Jesus Christ- His Life and Teachings*, Madarsa Road, Kashmiri Gate, Delhi, 1654.
6. Foster, Johan, *Church History*, ISPCK, New Delhi, 2013.
7. Greenless, Duncan, *The Gospel of Zorathustra*, Adyar Publication, Madras, 1968.
8. Guillame Alferd, & Arnold Thomas (Ed.), *The Legacy of Islam*, Oxford University, London, 1960.
9. Hindson, David F., *History of Israel*, ISPCK, Delhi, 2007.
10. Hitti, P.K., *History of Arabs*, Macmillan, London, 1977.
11. M.N., Dhalla, *History of Zoroastrianism*, K.R. Cama Oriental Institute, Bombay, 1997.
12. Pickthal, M.M., *The Meaning of the Glorious Koran*, George Allan and Unwin, 1969.

Punjabi:
1. ਗੁਲਵੰਤ ਸਿੰਘ, *ਇਸਲਾਮ ਅਤੇ ਸੂਫ਼ੀਵਾਦ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.
2. ਜੀ. ਆਰ. ਸਿੰਘ ਅਤੇ ਸੀ. ਡਬਲਿਊ ਡੇਵਿਡ, *ਯਹੂਦੀ ਧਰਮ ਪ੍ਰਸਿੰਤਯ ਧਰਮ*, ਲਖਨਊ ਪਬਲਿਸ਼ਿੰਗ ਹਾਊਸ, ਲਖਨਊ.
3. ਜੋਸ਼ੀ , ਐੱਲ, ਐੱਮ., *ਵਿਸ਼ਵ ਧਰਮ ਸੰਗ੍ਰਹਿ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.

4. ਤਾਲਿਬ ਗੁਰਬਚਨ ਸਿੰਘ (ਸੰਪਾ.), *ਸੰਸਾਰ ਦੇ ਕੁੱਝ ਪ੍ਰਮੁੱਖ ਧਰਮ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.
5. ਧਾਲੀਵਾਲ, ਤੇਜਿੰਦਰ ਕੌਰ, *ਯਹੂਦੀ ਅਤੇ ਈਸਾਈ ਧਰਮ : ਇਕ ਜਾਣ ਪਛਾਣ*, ਗ੍ਰੇਸ਼ਿਅਸ ਪਬਲੀਕੇਸ਼ਨ, ਪਟਿਆਲਾ, 2009.
6. *ਬਾਈਬਲ (ਪੰਜਾਬੀ ਅਨੁਵਾਦ)*, ਬਾਈਬਲ ਸੁਸਾਇਟੀ ਆਫ਼ ਇੰਡੀਆ, ਬੰਗਲੌਰ, 1976.
7. ਮੈਸੀ, ਜੇਮਜ਼, *ਮਸੀਹੀਅਤ : ਇਕ ਪਰਿਚਯ*, ਫਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1976.

**Course Outcomes**:
**ਕੋਰਸ ਦੇ ਨਤੀਜੇ:**

ਕੋਰਸ ਪੂਰਾ ਹੋਣ 'ਤੇ ਵਿਦਿਆਰਥੀ ਜਾਣ ਲੈਣਗੇ:

1. ਵਿਦਿਆਰਥੀ ਸਮੁੱਚੀ ਸਾਮੀ ਧਾਰਮਿਕ ਪ੍ਰੰਪਰਾ ਦੇ ਪਿਛੋਕੜ ਨੂੰ ਸਮਝਣ ਦੇ ਸਮਰੱਥ ਹੋਵੇਗਾ।
2. ਵਿਦਿਆਰਥੀ ਯਹੂਦੀ, ਈਸਾਈ, ਇਸਲਾਮ ਅਤੇ ਪਾਰਸੀ ਧਰਮਾਂ ਸਬੰਧੀ ਬਹੁਪੱਖੀ ਜਾਣਕਾਰੀ ਪ੍ਰਾਪਤ ਕਰਕੇ ਉਨ੍ਹਾਂ ਦੇ ਵਿਸ਼ਵਾਸਾਂ 'ਤੇ ਜੀਵਨ ਸ਼ੈਲੀ ਨੂੰ ਸਮਝਣ ਦੇ ਸਮਰੱਥ ਹੋਵੇਗਾ।

**(Faculty of Humanities & Religious Studies)**
Semester – IV
Religious Studies
ਧਰਮ ਅਧਿਐਨ
Course Code – BARS-414
**(ਮੱਧਕਾਲੀਨ ਅਤੇ ਆਧੁਨਿਕ ਧਾਰਮਿਕ ਲਹਿਰਾਂ)**

ਸਮਾਂ : 3 ਘੰਟੇ

ਕ੍ਰੈਡਿਟ : 04
ਕੁੱਲ ਘੰਟੇ : 60
ਕੁੱਲ ਅੰਕ : 100
ਥਿਊਰੀ ਅੰਕ : 75
ਇੰਟਰਨਲ ਅਸੈੱਸਮੈਂਟ : 25

**ਪੇਪਰ ਸੈਟਰ ਲਈ ਹਦਾਇਤਾਂ:**

ਪੇਪਰ ਦੇ ਪੰਜ ਭਾਗ ਹੋਣਗੇ : ੳ, ਅ, ੲ, ਸ ਅਤੇ ਹ। ਭਾਗ ੳ, ਅ, ੲ, ਸ ਵਿਚੋਂ 2-2 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀਆਂ ਨੇ ਇੱਕ-ਇੱਕ ਪ੍ਰਸ਼ਨ ਕਰਨਾ ਹੋਵੇਗਾ ਅਤੇ ਹਰ ਪ੍ਰਸ਼ਨ ਦੇ 15 ਅੰਕ ਹੋਣਗੇ। ਭਾਗ 'ਹ' ਵਿਚੋਂ ਸੰਖੇਪ ਉੱਤਰਾਂ ਵਾਲੇ 15 ਪ੍ਰਸ਼ਨ ਪੁੱਛੇ ਜਾਣਗੇ, ਜਿਹੜੇ ਸਾਰੇ ਸਿਲੇਬਸ ਵਿਚੋਂ ਹੋਣਗੇ। ਹਰੇਕ ਪ੍ਰਸ਼ਨ 1-1 ਅੰਕ ਦਾ ਹੋਵੇਗਾ।

**Course Objectives**
**ਕੋਰਸ ਦੇ ਉਦੇਸ਼:**

ਇਸ ਕੋਰਸ ਦਾ ਮੁਖ ਉਦੇਸ਼ ਧਰਮ ਦੀ ਜਾਣਕਾਰੀ ਗ੍ਰਹਿਣ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਰਤ ਵਿਚ ਭਗਤੀ ਲਹਿਰ ਦੀ ਆਰੰਭਤਾ, ਵਿਕਾਸ, ਪ੍ਰਮੁੱਖ ਭਗਤਾਂ (ਨਾਮਦੇਵ, ਕਬੀਰ, ਰਵੀਦਾਸ) ਦੇ ਜੀਵਨ, ਉੱਤਰੀ ਭਾਰਤ ਦੀ ਨਿਰਗੁਣ ਅਤੇ ਸਰਗੁਣ ਭਗਤੀ ਧਾਰਾ ਤੋਂ ਜਾਣੂ ਕਰਾਉਣਾ ਹੈ। ਸੂਫੀ ਮਤ ਦੇ ਆਰੰਭ, ਵਿਕਾਸ, ਪ੍ਰਮੁੱਖ ਸਿਧਾਂਤਾਂ, ਚਿਸਤੀ ਸਿਲਸਿਲੇ ਅਤੇ ਬਾਬਾ ਫਰੀਦ ਦੇ ਜੀਵਨ ਤੇ ਸਿੱਖਿਆਵਾਂ ਦੀ ਜਾਣਕਾਰੀ ਦੇਣਾ। ਪ੍ਰਮੁੱਖ ਧਰਮ ਪ੍ਰਵਰਤਕਾਂ: ਚੇਤੰਨਯ ਮਹਾਂਪ੍ਰਭੂ, ਸ਼ੰਕਰ ਦੇਵ ਅਤੇ ਮੀਰਾ ਬਾਈ ਸਬੰਧੀ ਜਾਣੂ ਕਰਾਉਣਾ। 19ਵੀਂ ਸਦੀ ਦੀਆਂ ਪ੍ਰਮੁੱਖ ਧਾਰਮਿਕ ਲਹਿਰਾਂ: ਰਾਮ ਕ੍ਰਿਸ਼ਨ ਮਿਸ਼ਨ, ਬ੍ਰਹਮੋ ਸਮਾਜ ਅਤੇ ਆਰੀਆ ਸਮਾਜ ਦੇ ਆਰੰਭ, ਵਿਕਾਸ ਅਤੇ ਯੋਗਦਾਨ ਨੂੰ ਜਾਨਣ ਦੇ ਸਮਰੱਥ ਬਣਾਉਣਾ।

**ਭਾਗ (ੳ) : ਭਗਤੀ ਲਹਿਰ**

1. ਭਗਤੀ ਲਹਿਰ : ਉਤਪਤੀ ਤੇ ਵਿਕਾਸ
2. ਭਗਤੀ ਲਹਿਰ ਦੇ ਪ੍ਰਮੁੱਖ ਭਗਤਾਂ ਦੇ ਜੀਵਨ : ਨਾਮਦੇਵ, ਕਬੀਰ, ਰਵੀਦਾਸ
3. ਉੱਤਰੀ ਭਾਰਤ ਦੀ ਭਗਤੀ ਪਰੰਪਰਾ : ਨਿਰਗੁਣ ਅਤੇ ਸਰਗੁਣ

**ਭਾਗ (ਅ) : ਸੂਫੀ ਮੱਤ**

1. ਮੁੱਢਲੀ ਜਾਣ-ਪਛਾਣ : ਆਰੰਭ, ਵਿਕਾਸ ਅਤੇ ਇਸਲਾਮਿਕ ਪਿਛੋਕੜ
2. ਸੂਫ਼ੀ ਮੱਤ : ਪ੍ਰਮੁੱਖ ਸਿਧਾਂਤ
3. ਚਿਸ਼ਤੀ ਸਿਲਸਿਲਾ ਤੇ ਬਾਬਾ ਫਰੀਦ : ਜੀਵਨ ਤੇ ਸਿੱਖਿਆਵਾਂ

**ਭਾਗ (ੲ) : ਪ੍ਰਮੁੱਖ ਧਰਮ ਪ੍ਰਵਰਤਕ**

1. ਸ਼ੰਕਰ ਦੇਵ
2. ਰਾਮਾਨੁਜ
3. ਮੀਰਾਂ ਬਾਈ

**ਭਾਗ (ਸ) : ਉਨ੍ਹੀਵੀਂ ਸਦੀ ਦੀਆਂ ਪ੍ਰਮੁੱਖ ਧਾਰਮਿਕ ਲਹਿਰਾਂ**

1. ਰਾਮਾ ਕ੍ਰਿਸ਼ਨ ਮਿਸ਼ਨ : ਆਰੰਭ, ਵਿਕਾਸ ਤੇ ਯੋਗਦਾਨ
2. ਬ੍ਰਹਮੋ ਸਮਾਜ : ਆਰੰਭ, ਵਿਕਾਸ ਅਤੇ ਯੋਗਦਾਨ
3. ਆਰੀਆ ਸਮਾਜ : ਆਰੰਭ, ਵਿਕਾਸ ਤੇ ਯੋਗਦਾਨ

**ਸੁਝਾਈਆਂ ਪੁਸਤਕਾਂ ਦੀ ਸੂਚੀ:**

English:

1. Bahadur Mal, *Dayanand and Study in Hinduism,* Sandhu Ashram, Hoshiarpur, 1962.
2. Darshan Singh, *Indian Bhakti Tradition and Sikh Gurus,* Lyall Book Depot, Bhopal,1968.
3. Farquhar, J.N., *Modern Religious Movements in India,* Munshi Ram, ManoharLal, Oriental Publishers, Delhi, 1967.
4. Ganda Singh (Ed), *Punjab Past and Present,* (Singh Sabha Ussue), Punjabi University, Patiala 1973.
5. Mahadevan, T.M.P., *Ten Saints of India,* Bharti Vidya Bhawan, Bombay, 1976.

Punjabi:

1. ਗੁਰਸ਼ਰਨਜੀਤ ਸਿੰਘ, *ਗੁਰੂ ਨਾਨਕ ਬਾਣੀ ਵਿਚਲੀ ਨੈਤਿਕਤਾ ਦਾ ਅਜੋਕਾ ਪ੍ਰਸੰਗ*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2007.
2. ਗੁਲਵੰਤ ਸਿੰਘ, *ਇਸਲਾਮ ਤੇ ਸੂਫ਼ੀਵਾਦ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982.
3. ਤਾਰਨ ਸਿੰਘ, ਬਲਬੀਰ ਕੌਰ, *ਸ਼ੇਖ ਫਰੀਦ-ਜੀਵਨੀ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982.
4. ਮਨਮੋਹਨ ਸਿੰਘ, *ਗੁਰੂ ਨਾਨਕ ਅਤੇ ਭਗਤੀ ਅੰਦੋਲਨ*, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1970.
5. ਮਨਮੋਹਨ ਸਿੰਘ, *ਭਗਤੀ ਸਿਧਾਂਤ ਦੇ ਆਧਾਰ ਸ੍ਰੋਤ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1991.
6. ਲਾਲ ਸਿੰਘ, *ਭਗਤੀ ਕਾਵਿ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

Hindi:

1. ਚਤੁਰਵੇਦੀ, ਪਰਸੂਰਾਮ, *ਉੱਤਰੀ ਭਾਰਤ ਦੀ ਸੰਤ ਪਰੰਪਰਾ*, ਭਾਰਤੀਯ ਪੁਸਤਕ ਲਹਿਰ ਪ੍ਰੈਸ, ਇਲਾਹਾਬਾਦ, 1964.
2. ਪੰਕਜ਼, ਪ੍ਰਾਣਨਾਥ, *ਅਭਿਨਾਸੀ ਗਿਰਧਰ ਕੀ ਮੀਰਾ*, ਰੂਪਾ ਐਂਡ ਕੰਪਨੀ, ਨਵੀਂ ਦਿੱਲੀ. 2001.
3. ਪ੍ਰਭੂਪਾਦ, ਸਵਾਮੀ, *ਭਗਵਾਨ ਸ੍ਰੀ ਚੈਤੰਨਯ ਮਹਾਂਪ੍ਰਭੂ*, ਭਗਤੀ ਵੇਦਾਂਤ ਬੁੱਕ ਟਰੱਸਟ, ਮੁੰਬਈ, 2002.

**Course Outcomes**:

**ਕੋਰਸ ਦੇ ਨਤੀਜੇ:**

ਕੋਰਸ ਪੂਰਾ ਹੋਣ ’ਤੇ ਵਿਦਿਆਰਥੀ ਜਾਣ ਲੈਣਗੇ:

1. ਭਾਰਤ ਵਿਚ ਭਗਤੀ ਲਹਿਰ ਦੀ ਆਰੰਭਤਾ, ਵਿਕਾਸ, ਪ੍ਰਮੁੱਖ ਭਗਤਾਂ (ਨਾਮਦੇਵ, ਕਬੀਰ, ਰਵੀਦਾਸ) ਦੇ ਜੀਵਨ, ਉੱਤਰੀ ਭਾਰਤ ਦੀ ਨਿਰਗੁਣ ਅਤੇ ਸਰਗੁਣ ਭਗਤੀ ਧਾਰਾ ਬਾਰੇ।
2. ਸੂਫੀ ਮਤ ਦੇ ਆਰੰਭ, ਵਿਕਾਸ, ਪ੍ਰਮੁੱਖ ਸਿਧਾਂਤਾ, ਚਿਸ਼ਤੀ ਸਿਲਸਿਲੇ ਅਤੇ ਬਾਬਾ ਫਰੀਦ ਦੇ ਜੀਵਨ ਤੇ ਸਿੱਖਿਆਵਾਂ ਬਾਰੇ।
3. ਭਾਰਤੀ ਧਾਰਮਿਕ ਪ੍ਰੰਪਰਾ ਦੇ ਪ੍ਰਮੁੱਖ ਪ੍ਰਵਰਤਕਾਂ: ਚੇਤੰਨਯ ਮਹਾਂਪ੍ਰਭੂ, ਸ਼ੰਕਰ ਦੇਵ ਅਤੇ ਮੀਰਾ ਬਾਈ ਸਬੰਧੀ।
4. 19ਵੀਂ ਸਦੀ ਦੀਆਂ ਪ੍ਰਮੁੱਖ ਧਾਰਮਿਕ ਲਹਿਰਾਂ ਰਾਮ ਕ੍ਰਿਸ਼ਨ ਮਿਸ਼ਨ, ਬ੍ਰਹਮੋ ਸਮਾਜ ਅਤੇ ਆਰੀਆ ਸਮਾਜ ਦੇ ਆਰੰਭ, ਵਿਕਾਸ ਅਤੇ ਯੋਗਦਾਨ ਸਬੰਧੀ।

**(Faculty of Humanities & Religious Studies)**
Semester – V
Religious Studies
**ਧਰਮ ਅਧਿਐਨ**
Course Code – BARS-514
**(ਸਿੱਖ ਦਰਸ਼ਨ)**

ਸਮਾਂ : 3 ਘੰਟੇ

ਕ੍ਰੈਡਿਟ : 04
ਕੁੱਲ ਘੰਟੇ : 60
ਕੁੱਲ ਅੰਕ : 100
ਥਿਊਰੀ ਅੰਕ : 75
ਇੰਟਰਨਲ ਅਸੈੱਸਮੈਂਟ : 25

**ਪੇਪਰ ਸੈਟਰ ਲਈ ਹਦਾਇਤਾਂ:**

ਪੇਪਰ ਦੇ ਪੰਜ ਭਾਗ ਹੋਣਗੇ : ੳ, ਅ, ੲ, ਸ ਅਤੇ ਹ। ਭਾਗ ੳ, ਅ, ੲ, ਸ ਵਿਚੋਂ 2-2 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀਆਂ ਨੇ ਇੱਕ-ਇੱਕ ਪ੍ਰਸ਼ਨ ਕਰਨਾ ਹੋਵੇਗਾ ਅਤੇ ਹਰ ਪ੍ਰਸ਼ਨ ਦੇ 15 ਅੰਕ ਹੋਣਗੇ। ਭਾਗ 'ਹ' ਵਿਚੋਂ ਸੰਖੇਪ ਉੱਤਰਾਂ ਵਾਲੇ 15 ਪ੍ਰਸ਼ਨ ਪੁੱਛੇ ਜਾਣਗੇ, ਜਿਹੜੇ ਸਾਰੇ ਸਿਲੇਬਸ ਵਿਚੋਂ ਹੋਣਗੇ। ਹਰੇਕ ਪ੍ਰਸ਼ਨ 1-1 ਅੰਕ ਦਾ ਹੋਵੇਗਾ।

**Course Objectives**
**ਕੋਰਸ ਦੇ ਉਦੇਸ਼:**

ਇਸ ਕੋਰਸ ਦਾ ਮੁਖ ਮੰਤਵ ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਦਰਸ਼ਨ (ਫ਼ਿਲਾਸਫ਼ੀ) ਅਤੇ ਸਿਧਾਂਤਾਂ ਤੋਂ ਜਾਣੂ ਕਰਾਉਣਾ ਹੈ। ਇਸ ਕੋਰਸ ਵਿਚ ਵਿਦਿਆਰਥੀ ਨੂੰ ਸਿੱਖ ਧਰਮ ਦੇ ਪ੍ਰਮੁੱਖ ਸੰਕਲਪਾਂ ਅਕਾਲ ਪੁਰਖ, ਸ੍ਰਿਸ਼ਟੀ ਰਚਨਾ, ਜੀਵ ਆਤਮਾ, ਹੁਕਮ, ਸਿਮਰਨ ਅਤੇ ਸੇਵਾ ਬਾਰੇ ਜਾਣੂ ਕਰਵਾਇਆ ਜਾਵੇਗਾ। ਇਸ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਦੀ ਜਾਣ-ਪਛਾਣ, ਬਾਣੀ ਦਾ ਸੰਕਲਨ, ਸੰਪਾਦਨਾ, ਪ੍ਰਮੁੱਖ ਬਾਣੀਆਂ: ਜਪੁਜੀ ਸਾਹਿਬ, ਸਲੋਕ ਗੁਰੂ ਅੰਗਦ ਦੇਵ ਜੀ ਅਤੇ ਬਾਰਹਮਾਹਾ ਮਾਂਝ ਦੀ ਵਿਭਿੰਨ ਪਹਿਲੂਆਂ ਤੋਂ ਗਿਆਤ ਕਰਨਾ।

**ਭਾਗ (ੳ) : ਸਿੱਖ ਸੰਕਲਪ-ਭਾਗ ਪਹਿਲਾ**

1. ਅਕਾਲ ਪੁਰਖ
2. ਸ੍ਰਿਸ਼ਟੀ ਰਚਨਾ
3. ਜੀਵਾਤਮਾ

**ਭਾਗ (ਅ) : ਸਿੱਖ ਸੰਕਲਪ-ਭਾਗ ਦੂਜਾ**

1. ਹੁਕਮ
2. ਸਿਮਰਨ
3. ਸੇਵਾ

**ਭਾਗ (ੲ) : ਸ੍ਰੀ ਗੁਰੂ ਗ੍ਰੰਥ ਸਾਹਿਬ**

1. ਸ੍ਰੀ ਗੁਰੂ ਗ੍ਰੰਥ ਸਾਹਿਬ : ਜਾਣ ਪਛਾਣ
2. ਬਾਣੀ ਦਾ ਸੰਕਲਨ
3. ਬਾਣੀ ਦਾ ਸੰਪਾਦਨ

## ਭਾਗ (ਸ) : ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਮੁੱਖ ਬਾਣੀਆਂ

1. ਜਪੁਜੀ ਸਾਹਿਬ
2. ਗੁਰੂ ਤੇਗ ਬਹਾਦਰ ਜੀ ਦੇ ਸਲੋਕ
3. ਬਾਰਹਮਾਹ ਮਾਂਝ

**ਸੁਝਾਈਆਂ ਪੁਸਤਕਾਂ ਦੀ ਸੂਚੀ :**


English :

1. Jodh Singh, *Outline of Sikh Philosophy*, Sikh Heritage, Patiala, 2000.
2. Kohli, Surinder Singh, *Sikh Philosophy*, Singh Brothers, Amritsar, 1992.
3. Puri, Shamsher Singh, *Handbook of Sikh Theology,* Nation Book, Delhi, 1999.
4. Sahib Singh, *About Compilation of Sri Guru Granth Sahib*, Tr. By Dalip Singh, Lok Sahit Parkashan, Amritsar,1996.
5. Sher Singh, *Philosophy of Sikhism*, Sterling, Delhi, 1966.
6. Talib, G.S., *Introduction to Guru Granth Sahib*, Punjabi University, Patiala,1991.
7. Taran Singh, *Guru Granth Ratnavali*, Punjabi University, Patiala. 2001.

Punjabi :

1. ਆਹਲੂਵਾਲੀਆ, ਜਸਬੀਰ ਸਿੰਘ, *ਸਿੱਖ ਫ਼ਲਸਫ਼ੇ ਦੀ ਭੂਮਿਕਾ*, ਰਘੁਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 1976.
2. ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1982.
3. ਗੁਰੂ ਤੇਗ ਬਹਾਦਰ ਚਿੰਤਨ, ਕਲਾ ਤੇ ਬਾਣੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1976.
4. ਬਾਣੀ ਗੁਰੂ ਤੇਗ ਬਹਾਦਰ ਇਕ ਸਾਹਿਤਕ ਅਧਿਐਨ, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1975.
5. ਰੂਪ ਸਿੰਘ (ਡਾ.) (ਮੁੱਖ ਸੰਪਾ.), ਰਿਭਉ ਨਿਰਵੈਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 20118
6. ਕਵੀਸ਼ਰ, ਸਰਦੂਲ ਸਿੰਘ, *ਸਿੱਖ ਧਰਮ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.
7. ਗਿੱਲ, ਮਹਿੰਦਰ ਕੌਰ, *ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ*, ਰੂਹੀ ਪ੍ਰਕਾਸ਼ਨ, ਦਿੱਲੀ, 1974.
8. ਗੁਰਮੁਖ ਸਿੰਘ, *ਬਾਰਹਮਾਹ ਦਰਸ਼ਨ (ਮਾਝ ਤੇ ਤੁਖਾਰੀ) : ਪਾਠ, ਪ੍ਰਵਚਨ ਤੇ ਅਰਥ ਬੋਧ*, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2008.
9. ਤਾਰਨ ਸਿੰਘ, *ਬਾਰਹਮਾਹ ਦਰਪਣ*, ਨਿਊ ਬੁੱਕ ਕੰਪਨੀ, ਜਲੰਧਰ, 2002.
10. ਪਦਮ ਪਿਆਰਾ ਸਿੰਘ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*, ਕਲਮ ਮੰਦਿਰ, ਲੋਅਰ ਮਾਲ, ਪਟਿਆਲਾ, 1977.


**Course Outcomes**
**ਕੋਰਸ ਦੇ ਨਤੀਜੇ:**
ਕੋਰਸ ਪੂਰਾ ਹੋਣ 'ਤੇ ਵਿਦਿਆਰਥੀ ਜਾਣ ਲੈਣਗੇ:

1. ਸਿੱਖ ਧਰਮ ਦੀ ਦਾਰਸ਼ਨਿਕਤਾ (ਫ਼ਿਲਾਸਫ਼ੀ) ਬਾਰੇ।
2. ਸਿੱਖ ਧਰਮ ਦੇ ਪ੍ਰਮੁੱਖ ਸਕੰਲਪਾਂ ਅਕਾਲ ਪੁਰਖ, ਸ੍ਰਿਸ਼ਟੀ ਰਚਨਾ, ਜੀਵ ਆਤਮਾ, ਹੁਕਮ, ਸਿਮਰਨ ਅਤੇ ਸੇਵਾ ਬਾਰੇ।
3. ਗੁਰੂ ਗ੍ਰੰਥ ਸਾਹਿਬ ਦੀ ਜਾਣ-ਪਛਾਣ, ਬਾਣੀ ਦਾ ਸਕੰਲਨ, ਸੰਪਾਦਨਾ ਬਾਰੇ।
4. ਪ੍ਰਮੁੱਖ ਬਾਣੀਆਂ: ਜਪੁਜੀ ਸਾਹਿਬ, ਸਲੋਕ ਗੁਰੂ ਅੰਗਦ ਦੇਵ ਜੀ ਅਤੇ ਬਾਰਹਮਾਹਾ ਮਾਂਝ ਸਬੰਧੀ।

**(Faculty of Humanities & Religious Studies)**
Semester – VI
Religious Studies
ਧਰਮ ਅਧਿਐਨ
Course Code – BARS-614
**(ਸਿੱਖ ਧਰਮ ਅਤੇ ਸੰਸਥਾਵਾਂ)**

ਸਮਾਂ : 3 ਘੰਟੇ

ਕ੍ਰੈਡਿਟ : 04
ਕੁੱਲ ਘੰਟੇ : 60
ਕੁੱਲ ਅੰਕ : 100
ਥਿਊਰੀ ਅੰਕ : 75
ਇੰਟਰਨਲ ਅਸੈੱਸਮੈਂਟ : 25

**ਪੇਪਰ ਸੈਟਰ ਲਈ ਹਦਾਇਤਾਂ:**

ਪੇਪਰ ਦੇ ਪੰਜ ਭਾਗ ਹੋਣਗੇ : ੳ, ਅ, ੲ, ਸ ਅਤੇ ਹ। ਭਾਗ ੳ, ਅ, ੲ, ਸ ਵਿਚੋਂ 2-2 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀਆਂ ਨੇ ਇੱਕ-ਇੱਕ ਪ੍ਰਸ਼ਨ ਕਰਨਾ ਹੋਵੇਗਾ ਅਤੇ ਹਰ ਪ੍ਰਸ਼ਨ ਦੇ 15 ਅੰਕ ਹੋਣਗੇ। ਭਾਗ 'ਹ' ਵਿਚੋਂ ਸੰਖੇਪ ਉੱਤਰਾਂ ਵਾਲੇ 15 ਪ੍ਰਸ਼ਨ ਪੁੱਛੇ ਜਾਣਗੇ, ਜਿਹੜੇ ਸਾਰੇ ਸਿਲੇਬਸ ਵਿਚੋਂ ਹੋਣਗੇ। ਹਰੇਕ ਪ੍ਰਸ਼ਨ 1-1 ਅੰਕ ਦਾ ਹੋਵੇਗਾ।

**Course Objectives**
**ਕੋਰਸ ਦੇ ਉਦੇਸ਼:**

ਇਸ ਕੋਰਸ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਆਰੰਭ ਤੇ ਵਿਕਾਸ ਦੀ ਜਾਣਕਾਰੀ ਦੇਣਾ ਹੈ। ਇਸ ਕੋਰਸ ਵਿਚ ਵਿਦਿਆਰਥੀ ਨੂੰ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਹਲਾਤਾਂ, ਗੁਰੂ ਜੀ ਦੀਆਂ ਉਦਾਸੀਆਂ, ਗੁਰੂ ਅੰਗਦ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਸਿੱਖ ਧਰਮ ਦੇ ਵਿਕਾਸ ਸਬੰਧੀ ਜਾਣਕਾਰੀ ਦੇਣਾ। ਸਿੱਖ ਧਰਮ ਦੀਆਂ ਮੁੱਢਲੀਆਂ ਸੰਸਥਾਵਾਂ ਗੁਰਦੁਆਰਾ ਸੰਗਤ, ਪੰਗਤ, ਮੰਜੀ ਪ੍ਰਥਾ, ਮਸੰਦ ਪ੍ਰਥਾ, ਦਸਵੰਧ ਅਤੇ ਪ੍ਰਮੁੱਖ ਲਹਿਰਾਂ: ਨਾਮਧਾਰੀ, ਸਿੰਘ ਸਭਾ ਅਤੇ ਗੁਰਦੁਆਰਾ ਸੁਧਾਰ ਲਹਿਰ ਤੋਂ ਵਿੱਦਤ ਕਰਾਉਣਾ।

**ਭਾਗ (ੳ) : ਗੁਰੂ ਨਾਨਕ ਦੇਵ ਜੀ ਤੇ ਸਿੱਖ ਧਰਮ ਦਾ ਆਰੰਭ**

1. ਸਮਕਾਲੀਨ ਪਰਿਸਥਿਤੀਆਂ : ਧਾਰਮਿਕ, ਸਮਾਜਿਕ, ਰਾਜਨੀਤਿਕ
2. ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ
3. ਸਿੱਖ ਧਰਮ ਦਾ ਵਿਕਾਸ : ਗੁਰੂ ਅੰਗਦ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਤੱਕ

**ਭਾਗ (ਅ) : ਸਿੱਖ ਧਰਮ ਦਾ ਵਿਕਾਸ : ਗੁਰੂ ਹਰਗੋਬਿੰਦ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ**

1. ਗੁਰੂ ਹਰਗੋਬਿੰਦ ਜੀ ਤੋਂ ਗੁਰੂ ਹਰਿਕ੍ਰਿਸ਼ਨ ਤੱਕ
2. ਗੁਰੂ ਤੇਗ ਬਹਾਦਰ : ਸ਼ਹਾਦਤ ਦਾ ਮਹੱਤਵ ਤੇ ਇਤਿਹਾਸਿਕ ਕਾਰਣ
3. ਗੁਰੂ ਗੋਬਿੰਦ ਸਿੰਘ ਖਾਲਸਾ ਸਿਰਜਣਾ

**ਭਾਗ (ੲ) : ਬੁਨਿਆਦੀ ਸੰਸਥਾਵਾਂ**

1. ਗੁਰਦੁਆਰਾ, ਸੰਗਤ ਤੇ ਪੰਗਤ
2. ਮੰਜੀ ਪ੍ਰਥਾ ਤੇ ਮਸੰਦ ਪ੍ਰਥਾ
3. ਦਸਵੰਧ

**ਭਾਗ (ਸ) : ਪ੍ਰਮੁੱਖ ਲਹਿਰਾਂ**

1. ਨਾਮਧਾਰੀ ਲਹਿਰ
2. ਸਿੰਘ ਸਭਾ ਲਹਿਰ
3. ਗੁਰਦੁਆਰਾ ਸੁਧਾਰ ਲਹਿਰ

**ਸੁਝਾਈਆਂ ਪੁਸਤਕਾਂ ਦੀ ਸੂਚੀ:**


English:

1. Ganda Singh (Ed.), *Punjab: Past and Present*, (Singh Sabha Issue), Punjabi University, Patiala, 1973.
2. Ganda Singh, *The Singh Sabha and Other Socio-religious Movements in the Punjab,* Punjabi University, Patiala, 1997.
3. J.N. Farquhar, *Modern Religious Movements in India*, Munshi Ram, Manohar Lal, New Delhi, 1967.

Punjabi:

1. ਅਸ਼ੋਕ, ਸ਼ਮਸ਼ੇਰ ਸਿੰਘ, *ਪੰਜਾਬ ਦੀਆਂ ਲਹਿਰਾਂ*, ਅਸ਼ੋਕ ਪੁਸਤਕਮਾਲਾ, ਪਟਿਆਲਾ, 1974.
2. ਗੰਡਾ ਸਿੰਘ (ਸੰਪਾ.),*ਪੰਜਾਬ* (ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ), ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1962.
3. ਗੰਡਾ ਸਿੰਘ, ਤੇਜਾ ਸਿੰਘ, *ਸਿੱਖ ਇਤਿਹਾਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013.
4. ਭਗਤ ਸਿੰਘ, *ਪੰਜਾਬ ਦਾ ਇਤਿਹਾਸ*, ਪੰਜਾਬ ਯੂਨੀਵਰਸਿਟੀ, ਟੈਕਸਟ ਬੁੱਕ ਬੋਰਡ, ਚੰਡੀਗੜ੍ਹ,1983.
5. ਭਾਟੀਆ, ਨਰਿੰਦਰ ਕੌਰ, ਜਸਵਿੰਦਰ ਕੌਰ ਢਿੱਲੋਂ (ਸੰਪਾ.), *ਪ੍ਰਮੁੱਖ ਸਿੱਖ ਸੰਸਥਾਵਾਂ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2005.
6. ਜਗਜੀਤ ਸਿੰਘ, *ਸਿੰਘ ਸਭਾ ਲਹਿਰ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1974.


**Course Outcomes**:
**ਕੋਰਸ ਦੇ ਨਤੀਜੇ:**

ਕੋਰਸ ਪੂਰਾ ਹੋਣ ’ਤੇ ਵਿਦਿਆਰਥੀ ਜਾਣ ਲੈਣਗੇ:

1. ਸਿੱਖ ਧਰਮ ਦੇ ਆਰੰਭ ’ਤੇ ਵਿਕਾਸ ਬਾਰੇ।
2. ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਹਲਾਤਾਂ, ਉਨ੍ਹਾਂ ਦੀਆਂ ਉਦਾਸੀਆਂ ਅਤੇ ਉਨ੍ਹਾਂ ਦੇ ਉਦੇਸ਼ ਤੇ ਪ੍ਰਭਾਵ ਬਾਰੇ ਜਾਣੂ ਹੋਣਗੇ।
3. ਗੁਰੂ ਅੰਗਦ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਸਿੱਖ ਧਰਮ ਦੇ ਵਿਕਾਸ ਬਾਰੇ ਜਾਣੂ ਹੋਣਗੇ।
4. ਗੁਰਦੁਆਰਾ ਸੰਗਤ, ਪੰਗਤ, ਮੰਜੀ ਪ੍ਰਥਾ, ਮਸੰਦ ਪ੍ਰਥਾ, ਦਸਵੰਧ ਬਾਰੇ ਜਾਣੂ ਹੋਣਗੇ।
5. ਪ੍ਰਮੁੱਖ ਲਹਿਰਾਂ: ਨਾਮਧਾਰੀ, ਸਿੰਘ ਸਭਾ ਅਤੇ ਗੁਰਦੁਆਰਾ ਸੁਧਾਰ ਲਹਿਰਾਂ ਬਾਰੇ।